# ਮਿੱਥ ਕਥਾਵਾਂ

## ਪ੍ਰਹਿਲਾਦ ਭਗਤ

ਮਿੱਥ ਕਥਾਵਾਂ, ਸਾਹਿਤ ਦਾ ਸਭ ਤੋਂ ਪਹਿਲਾਂ, ਮੁੱਢਲਾ ਰੂਪ ਹੈ ਤੇ ਮਹੱਤਵਪੂਰਨ ਭਾਗ ਹਨ। ਮਿੱਥ ਕਥਾਵਾਂ, ਉਸ ਵੇਲੇ ਦੇ ਮਨੁੱਖ ਦੀ ਸਮਝ ਨੂੰ ਪੇਸ਼ ਕਰਦੀਆਂ ਹਨ।

ਪ੍ਰਹਿਲਾਦ ਮਿੱਥ ਕਥਾ ਦਾ ਪਾਤਰ, ਇੱਕ ਬਾਲਕ ਹੈ ਜੋ ਨੇਕੀ ਦਾ ਪ੍ਰਤੀਕ ਹੈ। ਇਹ ਹਰਨਾਖਸ਼ ਦਾ ਪੁੱਤਰ ਹੈ, ਜੋ ਬਦੀ ਦਾ ਪ੍ਰਤੀਕ ਹੈ। ਬੈਕੁੰਠ ਜਾਂ ਸਵਰਗ ਵਿੱਚ ਹਰਨਾਖਸ਼ ਤੇ ਪਰਨਾਖਸ਼ ਦੋ ਭਰਾ ਰਹਿੰਦੇ ਸਨ। ਦੇਵਤਿਆਂ ਦੇ ਸਰਾਪ ਕਾਰਨ ਇਹਨਾਂ ਨੂੰ ਬੈਕੁੰਠ ਵਿੱਚੋਂ ਨਿਕਲਣਾ ਪਿਆ। ਪਰਨਾਖਸ਼ ਦੀ ਮੌਤ ਹੋ ਗਈ। ਹਰਨਾਖਸ਼ ਧਰਤੀ ਤੇ ਰਾਜ ਕਰਨ ਲੱਗ ਪਿਆ। ਪਰਨਾਖਸ਼ ਦੀ ਮੌਤ ਹੋ ਗਈ। ਉਸਨੇ ਮੌਤ ਤੇ ਕਾਬੂ ਪਾਉਣ ਲਈ ਹਿਮਾਲਾ ਪਰਬਤ ਤੇ ਜਾ ਕੇ ਬਹੁਤ ਤਪੱਸਿਆ ਕੀਤੀ, ਇਸ ਤਪੱਸਿਆ ਦੇ ਫਲਸਰੂਪ ਜਦੋਂ ਪਰਮਾਤਮਾ ਪਰਗਟ ਹੋਇਆ ਤਾਂ ਉਸਨੇ ਰੱਬ ਤੋਂ ਇਹ ਵਰ ਮੰਗੇ।

1. ਨਾ ਮੈਂ ਦਿਨ ਨੂੰ ਮਰਾਂ – ਨਾ ਰਾਤ ਨੂੰ
2. ਮੈਂ ਨਾ ਅੰਦਰ ਮਰਾਂ – ਨਾ ਬਾਹਰ ਮਰਾਂ
3. ਮੈਂ ਨਾ ਧਰਤੀ ਤੇ ਮਰਾਂ – ਨਾ ਆਕਾਸ਼ ਤੇ
4. ਮੈਂ ਨਾ ਬਿਮਾਰੀ ਨਾਲ ਮਰਾਂ – ਨਾ ਹਥਿਆਰ ਨਾਲ
5. ਮੈਂ ਨਾ ਪਸ਼ੂ ਤੋਂ ਮਰਾਂ – ਨਾ ਮਨੁੱਖ ਤੋਂ

ਪਰਮਾਤਮਾ ਨੇ ਇਹ ਵਰ ਦੇ ਦਿੱਤੇ। ਹਰਨਾਖਸ਼ ਬੇਖੌਫ ਹੋ ਕੇ ਰਾਜ ਕਰਨ ਲੱਗਾ। ਹੰਕਾਰ ਵਿੱਚ ਆ ਕੇ ਲੋਕਾਂ ਤੇ ਜੁਲਮ ਕਰਨ ਲੱਗਾ ਤੇ ਪਰਮਾਤਮਾ ਦੀ ਥਾਂ ਕਹਿੰਦਾ ਮੇਰਾ ਨਾਮ ਜਪੋ।

ਹਰਨਾਖਸ਼ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸਦਾ ਨਾਂ ਪ੍ਰਹਿਲਾਦ ਰੱਖਿਆ। ਜਦੋਂ ਉਸਨੂੰ ਪੜ੍ਹਨ ਲਈ ਪਾਠਸ਼ਾਲਾ ਭੇਜਿਆ ਤਾਂ ਪਾਂਧੇ ਨੇ ਹਰਨਾਖਸ਼ ਦਾ ਨਾਂ ਜਪਣ ਲਈ ਕਿਹਾ, ਪਰ ਪ੍ਰਹਿਲਾਦ ਪਰਮਾਤਮਾ ਨੂੰ ਹਰਨਾਖਸ਼ ਤੋਂ ਵੱਡਾ ਮੰਨਦਾ ਸੀ ਤੇ ਉਹ ਪਰਮਾਤਮਾ ਦਾ ਨਾਂ ਜਪਦਾ ਸੀ। ਪਾਂਧੇ ਨੇ ਹਰਨਾਖਸ਼ ਕੋਲ ਸ਼ਿਕਾਇਤ ਕੀਤੀ। ਹਰਨਾਖਸ਼ ਨੇ ਜਦ ਪ੍ਰਹਿਲਾਦ ਨੂੰ ਪੁੱਛਿਆ ਤਾਂ ਉਸਨੇ ਕਿਹਾ ਕਿ " ਪਰਮਾਤਮਾ ਹੀ ਸਰਬਸ਼ਕਤੀਮਾਨ ਹੈ, ਉਸਨੇ ਸਾਰੀ ਦੁਨੀਆਂ ਪੈਦਾ ਕੀਤੀ ਹੈ।" ਹਰਨਾਖਸ਼ ਨੂੰ ਬਹੁਤ ਗੁੱਸਾ ਆਇਆ। ਪ੍ਰਹਿਲਾਦ ਨੂੰ ਉਸਦੀ ਮਾਂ ਨੇ ਸਮਝਾਇਆ ਤੇ ਪਿਤਾ ਦੀ ਸ਼ਕਤੀ ਤੇ ਵਰਾਂ ਬਾਰੇ ਦੱਸਿਆ। ਪ੍ਰਹਿਲਾਦ ਨੇ ਕਿਹਾ " ਸਭ ਤੋਂ ਸ਼ਕਤੀਸ਼ਾਲੀ ਪ੍ਰਮਾਤਮਾ ਹੈ, ਪਿਤਾ ਜੀ ਨੂੰ ਵੀ ਉਸਨੇ ਹੀ ਬਣਾਇਆ ਹੈ "। ਹਰਨਾਖਸ਼ ਨੂੰ ਹੋਰ ਗੁੱਸਾ ਚੜ੍ਹ ਗਿਆ। ਉਸਨੇ ਜਲਾਦਾਂ ਨੂੰ ਸੱਦ ਕੇ ਪ੍ਰਹਿਲਾਦ ਨੂੰ ਸਮੁੰਦਰ ਵਿੱਚ ਡੋਬ ਕੇ ਮਾਰ ਦੇਣ ਦਾ ਹੁਕਮ ਦਿੱਤਾ। ਜਲਾਦਾਂ ਨੇ ਜਦੋਂ ਪ੍ਰਹਿਲਾਦ ਨੂੰ ਸਮੁੰਦਰ ਵਿੱਚ ਸੁੱਟਿਆ ਤਾਂ ਇੱਕ ਲਹਿਰ ਨੇ ਮੁੜ ਕਿਨਾਰੇ ਤੇ ਫੇਰ ਸੁੱਟ ਦਿੱਤਾ। ਜਲਾਦਾਂ ਨੇ ਸਾਰੀ ਗੱਲ ਆਕੇ ਹਰਨਾਖਸ਼ ਨੂੰ ਦੱਸੀ। ਫਿਰ ਹਰਨਾਖਸ਼ ਨੇ ਜਲਾਦਾਂ ਨੂੰ ਕਿਹਾ ਕਿ ਉਸਨੂੰ ਕਿਸੇ ਪਰਬਤ ਤੋਂ ਥੱਲੇ ਸੁੱਟ ਕੇ ਮਾਰ ਦੇਣ ਪਰ ਪ੍ਰਹਿਲਾਦ ਫਿਰ ਬਚ ਗਿਆ ਕਿ ਉਹ ਪਰਬਤ ਤੋਂ ਸੰਘਣੇ ਰੁੱਖ ਤੇ ਡਿੱਗ ਪਿਆ। ਹਰਨਾਖਸ਼ ਨੇ ਫਿਰ ਪ੍ਰਹਿਲਾਦ ਹਾਥੀ ਅੱਗੇ ਸੁੱਟਿਆ ਉਹ ਫਿਰ ਬਚ ਗਿਆ।

ਹਰਨਾਖਸ਼ ਦੀ ਇੱਕ ਭੈਣ ਹੋਲਿਕਾ ਸੀ। ਜਿਸਨੂੰ ਅਗਨੀ ਦਾ ਵਰ ਪ੍ਰਾਪਤ ਸੀ ਕਿ ਉਸਨੂੰ ਅੱਗ ਨਹੀਂ ਸਾੜ੍ਹੇਗੀ। ਹਰਨਾਖਸ਼ ਦੇ ਕਹੇ ਮੁਤਾਬਿਕ ਉਹ ਪ੍ਰਹਿਲਾਦ ਨੂੰ ਗੋਦੀ ਵਿੱਚ ਲੈ ਕੇ ਅੱਗ ਵਿੱਚ ਬੈਠ ਗਈ ਤਾਂ ਕਿ ਪ੍ਰਹਿਲਾਦ ਮਰ ਜਾਵੇ ਪਰ ਹੋਲਿਕਾ ਸੜ ਗਈ ਤੇ ਪ੍ਰਹਿਲਾਦ ਬਚ ਗਿਆ।

ਹਰਨਾਖਸ਼ ਗੁੱਸੇ ਵਿੱਚ ਪਾਗਲ ਹੋ ਗਿਆ। ਉਸਨੇ ਇੱਕ ਲੋਹੇ ਦੇ ਥੰਮ ਨੂੰ ਗਰਮ ਕਰਾਕੇ ਪ੍ਰਹਿਲਾਦ ਨੂੰ ਕਿਹਾ ਤੇਰਾ ਪ੍ਰਮਾਤਮਾ ਕਿੱਥੇ ਹੈ ਤੇ ਪ੍ਰਹਿਲਾਦ ਨੇ ਕਿਹਾ ' ਕਣ ਕਣ ਵਿੱਚ ' ਤਾਂ ਹਰਨਾਖਸ਼ ਨੇ ਕਿਹਾ ' ਜੇ ਪ੍ਰਮਾਤਮਾ ਇਸ ਥੰਮ ਵਿੱਚ ਵੀ ਹੈ ਤਾਂ ਇਸਨੂੰ ਜੱਫੀ ਪਾ ਲੈ। ਉਸ ਸਮੇਂ ਪ੍ਰਹਿਲਾਦ ਨੂੰ ਥੰਮ ਤੇ ਇੱਕ ਕੀੜੀ ਤੁਰਦੀ ਦਿਸੀ ਤੇ ਉਸਨੇ ਬੇਫਿਕਰ ਹੋ ਕੇ ਥੰਮ ਨੂੰ ਜੱਫੀ ਪਾ ਲਈ।

ਹਰਨਾਖਸ਼ ਗੁੱਸੇ ਵਿੱਚ ਅੰਨਾ ਹੋ ਗਿਆ ਤੇ ਉਸਨੇ ਪ੍ਰਹਿਲਾਦ ਤੇ ਵਾਰ ਕੀਤਾ ਤੇ ਤਲਵਾਰ ਥੰਮ ਤੇ ਜਾ ਵੱਜੀ ਤੇ ਥੰਮ ਟੁੱਟ ਗਿਆ ਅਤੇ ਉਸ ਵਿੱਚੋਂ ਨਰਸਿੰਘ ਦੇ ਰੂਪ ਵਿੱਚ ਪ੍ਰਮਾਤਮਾ ਪ੍ਰਗਟ ਹੋਇਆ । ਪਰਮਾਤਮਾ ਦਾ ਇਹ ਰੂਪ ਅੱਧਾ ਮਨੁੱਖ ਤੇ ਅੱਧਾ ਸ਼ੇਰ ਸੀ ਤੇ ਉਸਨੇ ਹਰਨਾਖਸ਼ ਦਾ ਸਿਰ ਆਪਣੇ ਪੱਟਾਂ ਤੇ ਰੱਖ ਲਿਆ, ਤੇ ਨਹੁੰਦਰਾਂ ਨਾਲ ਮਾਰ ਦਿੱਤਾ। ਨਰ ਸਿੰਘ ਨੇ ਦੱਸ ਦਿੱਤਾ ਸੀ ਕਿ ਤੈਨੂੰ ਸ਼ਰਤਾਂ ਅਨੁਸਾਰ ਹੀ ਮਾਰਿਆ ਜਾ ਰਿਹਾ ਹੈ।

ਉਸ ਸਮੇਂ ਨਾ ਦਿਨ ਸੀ ਨਾ ਰਾਤ ਸੀ   – ਸ਼ਾਮ ਦਾ ਸਮਾਂ ਸੀ

ਨਾ ਉਹ ਅੰਦਰ ਸੀ ਨਾ ਬਾਹਰ    – ਦਹਿਲੀਜ਼ ਤੇ ਸੀ

ਨਾ ਉਹ ਧਰਤੀ ਤੇ ਸੀ ਨਾ ਆਕਾਸ਼ ਤੇ   – ਉਹ ਨਰਸਿੰਘ ਦੇ ਪੱਟਾਂ ਤੇ ਸੀ

ਨਾਂ ਬਿਮਾਰੀ ਨਾਲ ਮਰਿਆ ਸੀ ਨਾ ਹਥਿਆਰ ਨਾਲ  – ਨਹੁੰਦਰਾਂ ਨਾਲ ਮਰਿਆ

ਮਾਰਨ ਵਾਲਾ ਨਾ ਮਨੁੱਖ ਸੀ ਤੇ ਨਾ ਪਸ਼ੂ ਸੀ  – ਦੋਹਾਂ ਦਾ ਅੱਧਾ, ਅੱਧਾ ਰੂਪ ਸੀ

ਸੋ ਹਰਨਾਖਸ਼ ਨੂੰ ਵਰ–ਪ੍ਰਾਪਤੀ ਮਰਨ ਤੋਂ ਬਚਾ ਲਾ ਸਕੀ। ਹਰਨਾਖਸ਼ ਦੇ ਅੰਤ ਮਗਰੋਂ ਪ੍ਰਹਿਲਾਦ ਧਰਤੀ ਤੇ ਰਾਜ ਕਰਨ ਲੱਗਾ ਅਤੇ ਸਾਰੇ ਸੁਖੀ ਹੋ ਗਏ।

ਡਾ. ਪੁਸ਼ਵਿੰਦਰ ਕੌਰ,ਲੈਕਚਰਾਰ

ਸ.ਕੋ.ਐਡ.ਮਲਟੀਪਰਪਜ਼ ਸੀ.ਸੈ.ਸ. ਪਟਿਆਲਾ

81465-96565